# ਰਜਿਸਟ੍ਰੇਸ਼ਨ ਬਰਾਂਚ

ਵਿਸ਼ਾ : ਸ਼ੈਸ਼ਨ 2022-23 ਦੌਰਾਨ ਇਸ ਦਫਤਰ ਵਿਚ ਪਾਤਰਤਾ ਫਾਰਮ ਨਾਲ ਮਾਈਗਰੇਸ਼ਨ ਸਰਟੀਫਿਕੇਟ ਜਮ੍ਹਾਂ ਹੋਣ ਲਈ ਨਾਰਮਲ ਅਤੇ ਲੇਟ ਫੀਸ ਨਾਲ ਮਿਤੀਆਂ ਨਿਰਧਾਰਤ ਕਰਨ ਸਬੰਧੀ ।

ਜਿਹੜੇ ਵਿਦਿਆਰਥੀ ਆਪਣੀ ਲੋਅਰ ਕਲਾਸ ਪੰਜਾਬ ਦੀਆਂ ਪ੍ਰਾਈਵੇਟ ਯੂਨੀਵਰਸਿਟੀਆਂ, ਪੰਜਾਬ ਟੈਕਨੀਕਲ ਯੂਨੀਵਰਸਿਟੀ (**Distance/Lateral Entry Case only**), ਪੰਜਾਬ ਸਟੇਟ ਟੈਕਨੀਕਲ ਬੋਰਡ ਅਤੇ ਪੰਜਾਬ ਤੋ ਬਾਹਰਲੀਆਂ ਯੂਨੀਵਰਸਿਟੀਆਂ/ਬੋਰਡਜ਼ ਅਤੇ **autonomous** ਕਾਲਜਾਂ ਤੋਂ ਪਾਸ ਕਰਨ ਉਪਰੰਤ ਇਸ ਯੂਨੀਵਰਸਿਟੀ ਦੇ ਵਿਭਾਗਾਂ ਅਤੇ ਸਬੰਧਤ ਕਾਲਜਾਂ/ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ/ **ODL mode** ਅਧੀਨ ਐਸੋਸੀਏਟ ਸੰਸਥਾਵਾਂ ਵਿਚ ਦਾਖਲਾ ਲੈਂਦੇ ਹਨ ਉਹਨਾਂ ਵਲੋਂ ਆਪਣੇ ਲੋਅਰ ਕਲਾਸ ਦੇ ਸਰਟੀਫਿਕੇਟ ਜਮ੍ਹਾਂ ਕਰਵਾਉਣ ਸਮੇਂ ਪਾਤਰਤਾ ਫਾਰਮ ਭਰਿਆ ਜਾਂਦਾ ਹੈ । ਇਹਨਾਂ ਵਿਦਿਆਰਥੀਆਂ ਦੀ ਪਾਤਰਤਾ ਚੈੱਕ ਕਰਨ ਵਾਸਤੇ ਵਿਭਾਗਾਂ/ਕਾਲਜਾਂ/ਸੰਸਥਾਵਾਂ ਵਲੋਂ ਪਾਤਰਤਾ ਫਾਰਮ ਦੇ ਨਾਲ ਮਾਈਗਰੇਸ਼ਨ ਸਰਟੀਫਿਕੇਟ, ਨਾਰਮਲ ਫੀਸ ਅਤੇ ਲੇਟ ਫੀਸ ਨਾਲ ਜਮ੍ਹਾਂ ਕਰਾਉਣ ਦੀਆਂ ਤਰੀਕਾਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ ਅਤੇ ਇਸ ਸਬੰਧੀ ਵਿਭਾਗਾਂ/ਕਾਲਜਾਂ/ ਸੰਸਥਾਵਾਂ ਨੂੰ ਸਰਕੂਲਰ ਜਾਰੀ ਕੀਤਾ ਜਾਂਦਾ ਹੈ ।

ਪਾਤਰਤਾ ਫਾਰਮ ਨਾਰਮਲ ਫੀਸ ਅਤੇ ਲੇਟ ਫੀਸ ਨਾਲ ਜਮ੍ਹਾ ਕਰਵਾਉਣ ਦੀਆ ਤਾਰੀਕਾ:

**LLB (TYC)** ਵਿਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੇ ਪਾਤਰਤਾ ਫਾਰਮ ਜਮ੍ਹਾਂ ਹੋਣ ਦੀਆਂ ਮਿਤੀਆਂ ਹੇਠ ਲਿਖੇ ਅਨੁਸਾਰ ਨਿਰਧਾਰਤ ਕਰਨ ਦਾ ਸੁਝਾਅ ਹੈ ਜੀ :-

| | |
|---|---|
| ਬਿਨਾਂ ਲੇਟ ਫੀਸ | **02-01-2023** ਤੱਕ |
| 500/-ਰੁ: ਲੇਟ ਫੀਸ ਨਾਲ | **03-01-2023** ਤੋ **12-01-2023** |
| 1000/-ਰੁ: '' '' ' ' | **13-01-2023** ਤੋ **23-01-2023** |
| 2000/-ਰੁ: '' '' '' | **24-01-2023** ਤੋ **02-02-2023** |
| 3000/-ਰੁ: '' '' + 500 ਪ੍ਰਤੀ ਮਹੀਨਾ | **03-02-2023** ਤੋ ਬਾਅਦ |

(ਰਜਿਸਟਰਾਰ ਜੀ ਦੀ ਪ੍ਰਵਾਨਗੀ ਨਾਲ)

**With GST for if applicable**

ਮਾਈਗਰੇਸ਼ਨ ਸਰਟੀਫਿਕੇਟ ਜਮ੍ਹਾਂ ਕਰਾਉਣ ਦੀਆਂ ਮਿਤੀਆਂ :

| | |
|---|---|
| ਬਿਨਾਂ ਲੇਟ ਫੀਸ | ਦਾਖਲਾ ਮਿਤੀ ਤੋ ਇਕ ਮਹੀਨੇ ਤੱਕ, ਇਕ ਮਹੀਨੇ ਤੋ ਬਾਅਦ ਮਾਈਗਰੇਸ਼ਨ ਸਰਟੀਫਿਕੇਟ, ਸਿੰਡੀਕੇਟ ਦੀ ਇੱਕਤਰਤਾ ਮਿਤੀ 28-11-2019 ਦੇ ਮੱਦ ਨੰਬਰ 1.1(2) ਦੇ ਫੈਸਲੇ ਮੁਤਾਬਕ ਨਿਰਧਾਰਤ ਕੀਤੀ ਗਈ ਲੇਟ ਫੀਸ ਨਾਲ ਪ੍ਰਵਾਨ ਕੀਤਾ ਜਾਵੇਗਾ । |

ਜੇਕਰ ਕਿਸੇ ਵਿਦਿਆਰਥੀ ਦਾ ਦਾਖਲਾ ਸਬੰਧਤ ਕੋਰਸ ਦੀ ਕੋਸਲਿੰਗ ਕਰਕੇ ਲੇਟ ਹੁੰਦਾ ਹੈ ਤਾਂ ਵੀ ਪਾਤਰਤਾ ਫਾਰਮ ਅਤੇ ਮਾਈਗਰੇਸ਼ਨ ਸਰਟੀਫਿਕੇਟ ਦਾਖਲੇ ਦੀ ਮਿਤੀ ਤੋ ਇਕ ਮਹੀਨੇ ਦੇ ਅੰਦਰ-2 ਬਿਨਾਂ ਲੇਟ ਫੀਸ ਨਾਲ ਪ੍ਰਵਾਨ ਕੀਤਾ ਜਾਵੇਗਾ । ਜਿੰਨ੍ਹਾਂ ਵਿਦਿਆਰਥੀਆਂ ਦਾ ਦਾਖਲਾ ਸ਼ਡਿਊਲ ਅਨੁਸਾਰ ਲੇਟ ਫੀਸ ਨਾਲ ਜਾਂ ਲੋਅਰ ਕਲਾਸ ਦਾ ਨਤੀਜਾ ਦੇਰੀ ਨਾਲ ਘੋਸ਼ਿਤ ਹੋਣ ਕਰਕੇ ਦਾਖਲਾ ਲੇਟ ਹੁੰਦਾ ਹੈ ਉਹਨਾਂ ਦੇ ਪਾਤਰਤਾ ਫਾਰਮ ਵੀ ਦਾਖਲੇ ਦੀ ਤਾਰੀਕ ਤੋਂ ਇਕ ਮਹੀਨੇ ਦੇ ਅੰਦਰ-2 ਬਿਨਾਂ ਲੇਟ ਫੀਸ ਅਤੇ ਬਾਅਦ ਵਿਚ ਉਪਰੋਕਤ ਨਿਰਧਾਰਤ ਕੀਤੀਆਂ ਜਾਣ ਵਾਲੀਆ ਤਾਰੀਕਾਂ ਅਨੁਸਾਰ ਲੇਟ ਫੀਸ ਨਾਲ ਜਮ੍ਹਾਂ ਕਰਾਉਣ ਉਪਰੰਤ ਹੀ ਪਾਤਰਤਾ ਫਾਰਮ ਪ੍ਰਵਾਨ ਕੀਤਾ ਜਾਵੇਗਾ । ਉਪਰੋਕਤ ਨਿਰਧਾਰਤ ਮਿਤੀਆਂ ਦੇ ਅਨੁਸਾਰ ਜੇਕਰ ਪਾਤਰਤਾ ਫਾਰਮ ਅਤੇ ਮਾਈਗਰੇਸ਼ਨ ਸਰਟੀਫਿਕੇਟ ਉਸੇ ਸ਼ੈਸ਼ਨ ਦੌਰਾਨ ਪ੍ਰਾਪਤ ਨਹੀ ਹੁੰਦਾ ਤਾਂ ਇਸ ਦੀ ਜਿੰਮੇਵਾਰੀ ਸਬੰਧਤ ਵਿਭਾਗ/ ਕਾਲਜ/ਸੰਸਥਾ ਦੀ ਆਪਣੀ ਹੋਵੇਗੀ ।